ਨੰ: 22/2/2012-3 ਐਫ.ਪੀ.2/ 3

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-2 ਸਾਖਾ)

ਮਿਤੀ,ਚੰਡੀਗੜ੍ਹ: 7-1-2015

ਵਿਸ਼ਾ: ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾ ਕਾਲ ਵਿੱਚ ਵਾਧਾ ਕਰਨ ਬਾਰੇ।

ਸ੍ਰੀ ਮਾਨ ਜੀ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸੇ ਤੇ ਆਪ ਦਾ ਧਿਆਨ ਵਿੱਤ ਵਿਭਾਗ ਦੇ ਪੱ.ਨੰ: 22/2/2012-3ਵਿਪ੍2/159, ਮਿਤੀ 30 ਅਕਤੂਬਰ, 2014 ਰਾਹੀਂ ਜਾਰੀ ਹਦਾਇਤਾਂ ਵਿੱਚ ਹੇਠਾਂ ਅਨੁਸਾਰ ਸਪਸਟੀਕਰਨ/ ਸੋਧ ਕਰਨ ਦੀ ਹਦਾਇਤ ਹੋਈ ਹੈ।

ਇਸ ਵਿਭਾਗ ਦੇ ਪੱਤਰ ਨੰ: 22/2/2012-3ਐਫ.ਪੀ.2/159, ਮਿਤੀ 30.10.2014 ਦੇ ਪੈਰ੍ਹਾ 2 ਵਿੱਚ ਜਿਸ ਕਮੇਟੀ ਦਾ ਜਿਕਰ ਕੀਤਾ ਗਿਆ ਹੈ, ਉਸ ਸੰਬੰਧੀ ਇਹ ਸੱਪਸਟ ਕੀਤਾ ਜਾਂਦਾ ਹੈ ਕਿ ਗਰੁਪ ਸੀ ਅਤੇ ਡੀ ਕਰਮਚਾਰੀਆਂ ਲਈ ਕਮੇਟੀ ਦਾ ਗਠਨ ਸਬੰਧਤ ਵਿਭਾਗ ਦੇ ਮੁੱਖੀ (Head of Department) ਦੇ ਅਧੀਨ ਕੀਤਾ ਜਾਵੇਗਾ ਅਤੇ ਗਰੁਪ ਏ ਅਤੇ ਬੀ ਦੇ ਅਧਿਕਾਰੀਆਂ ਲਈ ਕਮੇਟੀ ਦਾ ਗਠਨ ਸਬੰਧਤ ਵਿਭਾਗ ਦੇ ਪ੍ਰਬੰਧਕੀ ਸਕੱਤਰ ਅਧੀਨ ਹੋਵੇਗਾ।

2. ਉਪਰੋਕਤ ਪੱਤਰ ਮਿਤੀ 30.10.2014 ਵਿੱਚ ਵਿਭਾਗੀ ਇੰਨਕੁਆਰੀ ਸਬੰਧੀ ਇਹ ਸਪਸਟ ਕੀਤਾ ਜਾਂਦਾ ਹੈ ਕਿ ਇਹ ਵਿਭਾਗੀ ਇੰਨਕੁਆਰੀ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ-8 ਅਧੀਨ ਵੱਡੀ ਸਜਾ ਲਈ ਸ਼ੁਰੂ ਕੀਤੀ ਇੰਨਕੁਆਰੀ ਹੈ, ਨਾ ਕੀ ਛੋਟੀ ਸ਼ਜਾ ਲਈ ਜਾਰੀ ਕੀਤਾ ਗਿਆ ਕਾਰਣ ਦੱਸੋ ਨੋਟਿਸ ਜਾਂ ਕੋਈ ਤੱਥ ਪਤਾ ਕਰਨ ਲਈ ਕੀਤੀ ਗਈ ਇੰਨਕੁਆਰੀ ਹੈ।

3. ਅਜਿਹੇ ਕਰਮਚਾਰੀ ਜੋ ਵਿੱਤ ਵਿਭਾਗ ਦੀਆਂ ਹਦਾਇਤਾਂ ਨੰ: 22/2/2012-3ਵਿਪ੍2/475, ਮਿਤੀ 8 ਅਕਤੂਬਰ, 2012 ਅਤੇ ਨੰ: 22/2/2012-3ਵਿਪ੍2/471, ਮਿਤੀ 20 ਸਤੰਬਰ, 2013 ਅਧੀਨ ਸੇਵਾਕਾਲ ਵਿੱਚ ਪਹਿਲੇ ਤੇ ਦੂਜੇ ਸਾਲ ਦੇ ਵਾਧੇ ਵਿੱਚ ਚੱਲ ਰਹੇ ਹਨ ਅਤੇ ਉਹਨਾਂ ਵਿਰੁੱਧ ਵੀ ਇਸ ਵਿਭਾਗ ਦੇ ਉਪਰੋਕਤ ਪੱਤਰ ਮਿਤੀ 30.10.2014 ਵਿੱਚ ਦਰਸਾਏ ਕੇਸਾਂ ਅਨੁਸਾਰ ਕੋਈ ਕੇਸ ਪੈਂਡਿੰਗ ਹੈ ਤਾਂ ਉਹਨਾਂ ਦੇ ਕੇਸਾਂ ਤੇ ਵੀ ਮੁੜ ਵਿਚਾਰ ਕੀਤਾ ਜਾਵੇ ਅਤੇ ਵਿਭਾਗ ਵੱਲੋਂ ਗਠਿਤ ਕਮੇਟੀ ਵੱਲੋਂ ਉਹਨਾਂ ਦੇ ਸੇਵਾਕਾਲ ਦੇ ਕੀਤੇ ਵਾਧੇ ਨੂੰ ਰਿਵੀਊ ਕਰਨ ਉਪਰੰਤ ਤੁਰੰਤ ਫੈਸਲਾ ਕੀਤਾ ਜਾਵੇ। ਜੇਕਰ ਕਮੇਟੀ ਵੱਲੋਂ ਰੀਵਿਊ ਕਰਨ ਤੇ ਸੇਵਾਕਾਲ ਵਿੱਚ ਪਹਿਲਾਂ ਦਿੱਤਾ ਗਿਆ ਵਾਧਾ ਉਪਰੋਕਤ ਹਦਾਇਤਾਂ ਮਿਤੀ 30.10.2014 ਦੇ ਮਦਨਮੁੱਖ ਉਚਿੱਤ ਨਹੀਂ ਸਮਝਿਆ ਜਾਂਦਾ ਤਾਂ ਪਹਿਲਾਂ ਦਿੱਤੇ ਗਏ ਵਾਧੇ ਨੂੰ ਸਮਾਪਤ ਕਰ ਦਿੱਤਾ ਜਾਵੇ। ਇਹ ਵਾਧਾ ਹਰ ਹਾਲਤ ਵਿੱਚ ਵਿਭਾਗ ਵਲੋਂ ਗਠਿਤ ਕਮੇਟੀ ਦੇ ਫੈਸਲਾ ਹੋਣ ਦੀ ਮਿਤੀ ਦੇ ਉਸੇ ਮਹੀਨੇ ਦੇ ਅੰਤ ਤੋਂ ਸਮਾਪਤ ਕੀਤਾ ਜਾਣਾ ਯਕੀਨੀ ਬਣਾਇਆ ਜਾਵੇ।

4. ਇਨ੍ਹਾ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਨੰ: 22/2/2012-3 ਐਫ.ਪੀ.2/ 1913

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-2 ਸਾਖਾ)

ਮਿਤੀ,ਚੰਡੀਗੜ੍ਹ 22-12-2014

ਵਿਸਾ: ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾਕਾਲ ਵਿੱਚ ਵਾਧਾ ਕਰਨ ਬਾਰੇ- ਸਪਸਟੀਕਰਨ।

ਸ੍ਰੀ ਮਾਨ ਜੀ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸੇ ਤੇ ਆਪ ਦਾ ਧਿਆਨ ਵਿੱਤ ਵਿਭਾਗ ਵਲੋਂ ਜਾਰੀ ਸਪਸਟੀਕਰਨ ਨੰ: 22/2/2012-3ਵਿਪ੍2/350090/1, ਮਿਤੀ 21.11. 2014 (ਜਿਸ ਰਾਹੀਂ ਨੇਤਰਹੀਣ ਕਰਮਚਾਰੀ ਅਤੇ ਸਰੀਰਕ ਅਪੰਗਤਾ (Physically handicapped) ਵਾਲੇ ਕਰਮਚਾਰੀ, ਜਿਹਨਾਂ ਦੀ ਰਿਟਾਇਰਮੈਂਟ ਉਮਰ ਪਹਿਲਾਂ ਹੀ 60 ਸਾਲ ਹੈ, ਨੂੰ ਵਿੱਤ ਵਿਭਾਗ ਦੀਆਂ ਹਦਾਇਤਾਂ ਨੰ: 22/2/2012-3ਵਿਪ੍2/475, ਮਿਤੀ 8 ਅਕਤੂਬਰ, 2012 ਅਤੇ ਨੰ: 22/2/2012-3ਵਿਪ੍2/471, ਮਿਤੀ 20 ਸਤੰਬਰ, 2013 ਅਨੁਸਾਰ ਦੋ ਸਾਲ ਦਾ ਵਾਧਾ ਨਹੀਂ ਦਿੱਤਾ ਜਾਣਾ), ਵੱਲ ਦਿਵਾਉਂਦੇ ਹੋਏ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਨੇਤਰਹੀਣ ਅਤੇ ਸਰੀਰਕ ਅਪੰਗਤਾ(Physically handicapped) ਵਾਲੇ ਦਰਜਾ-4 ਕਰਮਚਾਰੀਆਂ ਨੂੰ ਉਕਤ ਹਦਾਇਤਾਂ ਅਧੀਨ 60 ਤੋਂ ਬਾਅਦ ਦੋ ਸਾਲ ਦਾ ਆਪਸ਼ਨਲ ਵਾਧਾ ਦਿੱਤਾ ਜਾਣਾ ਹੈ, ਪੰਰਤੂ 60 ਸਾਲ ਤੋਂ ਬਾਅਦ ਸਰੀਰਕ ਅਪੰਗਤਾ ਦੇ ਆਧਾਰ ਤੇ ਹੋਰ ਕੋਈ ਵਾਧਾ ਨਹੀਂ ਦਿੱਤਾ ਜਾਣਾ।

ਵਿਸਵਾਸਪਾਤਰ